BRAMPTON **Service and Information Update**

# ਸਿਟੀ ਆਫ ਬ੍ਰੈਂਪਟਨ, ਕੋਵਿਡ-19 ਨੂੰ ਫੈਲਣ ਤੋਂ ਰੋਕਣ ਲਈ ਸਿਹਤ ਅਤੇ ਸੁਰੱਖਿਆ ਸਬੰਧੀ ਵਾਧੂ ਉਪਾਅ ਪੇਸ਼ ਕਰ ਰਹੀ ਹੈ

***ਸਿਟੀ ਸੂਬਾਈ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਬਹਾਲੀ ਦੀ ਸੰਸ਼ੋਧਿਤ ਸਟੇਜ 2 ਵਿੱਚ ਦਾਖ਼ਲ ਹੋ ਰਹੀ ਹੈ***

ਬ੍ਰੈਂਪਟਨ, ਓਨਟੈਰੀਓ (9 ਅਕਤੂਬਰ, 2020) – ਸੂਬੇ ਵੱਲੋਂ ਅੱਜ ਕੀਤੇ ਐਲਾਨ ਦੇ ਬਾਅਦ ਅਤੇ ਪੀਲ ਪਬਲਿਕ ਹੈਲਥ (Peel Public Health) ਦੀ ਸਲਾਹ ਦੇ ਮੁਤਾਬਕ, ਸਿਟੀ ਆਫ ਬ੍ਰੈਂਪਟਨ, ਕੋਵਿਡ-19 (COVID-19) ਨੂੰ ਫੈਲਣ ਤੋਂ ਰੋਕਣ ਵਿੱਚ ਮਦਦ ਲਈ ਸੰਸ਼ੋਧਿਤ ਸਟੇਜ 2 ਵਿੱਚ ਦਾਖ਼ਲ ਹੋ ਰਹੀ ਹੈ।

ਸ਼ਨੀਵਾਰ, 10 ਅਕਤੂਬਰ, 2020, ਸਵੇਰੇ 12:01 ਵਜੇ ਤੋਂ, ਘੱਟੋ-ਘੱਟ 28 ਦਿਨਾਂ ਤੱਕ ਲਈ, ਹੇਠਾਂ ਦਿੱਤੇ ਸਿਹਤ ਅਤੇ ਸੁਰੱਖਿਆ ਸਬੰਧੀ ਉਪਾਅ ਲਾਗੂ ਕੀਤੇ ਜਾਣਗੇ ਅਤੇ ਲਗਾਤਾਰ ਇਹਨਾਂ ਦੀ ਸਮੀਖਿਆ ਕੀਤੀ ਜਾਵੇਗੀ:

**ਰੈਸਟੋਰੈਂਟਸ, ਬਾਰਸ ਅਤੇ ਭੋਜਨ ਸਬੰਧੀ ਸੰਸਥਾਨ**

ਸ਼ਨੀਵਾਰ, 10 ਅਕਤੂਬਰ, 2020, ਸਵੇਰੇ 12:01 ਵਜੇ ਤੋਂ, ਫੂਡ ਕੋਰਟਸ ਸਮੇਤ, ਰੈਸਟੋਰੈਂਟਸ, ਬਾਰਸ ਅਤੇ ਭੋਜਨ ਸਬੰਧੀ ਸੰਸਥਾਨ, ਕੋਵਿਡ-19 ਦੇ ਫੈਲਾਅ ਤੇ ਨਿਯੰਤਰਣ ਪਾਉਣ ਵਿੱਚ ਮਦਦ ਲਈ, ਇਨਡੋਰ ਡਾਈਨਿੰਗ ਸੇਵਾ ਬੰਦ ਕਰਨਗੇ। ਅਜੇ ਵੀ ਟੇਕਆਉਟ (ਭੋਜਨ ਘਰ ਲੈ ਕੇ ਜਾਣ) ਅਤੇ ਆਉਟਡੋਰ ਡਾਈਨਿੰਗ ਦੀ ਇਜਾਜ਼ਤ ਹੋਵੇਗੀ।

ਹਾਲਾਂਕਿ ਕਈ ਰੈਸਟੋਰੈਂਟਸ, ਬਾਰਸ ਅਤੇ ਭੋਜਨ ਸਬੰਧੀ ਸੰਸਥਾਨਾਂ ਨੇ ਪਹਿਲਾਂ ਹੀ ਪੀਲ ਦੇ ਨਿਵਾਸੀਆਂ ਨੂੰ ਸੁਰੱਖਿਅਤ ਰੱਖਣ ਲਈ ਆਪਣੇ ਬਿਜਨੇਸ ਦੇ ਤਰੀਕਿਆਂ ਨੂੰ ਬਦਲਣ ਜਿਹੇ ਕਦਮ ਚੁੱਕੇ ਹਨ। ਪੀਲ ਵਿੱਚ ਕੋਈ ਵੀ ਕਾਰੋਬਾਰੀ, ਜੋ ਸੂਬੇ ਦੀਆਂ ਜਾਂ ਪੀਲ ਪਬਲਿਕ ਹੈਲਥ ਦੀ ਸਲਾਹ ਦੀ ਪਾਲਣਾ ਨਹੀਂ ਕਰਦਾ, ਉਹ ਹੈਲਥ ਪ੍ਰੋਟੈਕਸ਼ਨ ਐਂਡ ਪ੍ਰੋਮੋਸ਼ਨ ਐਕਟ (Health Protection and Promotion Act) ਹੇਠ ਹੁਕਮਾਂ ਦੇ ਅਧੀਨ ਹੋਵੇਗਾ।

ਸਿਟੀ ਆਫ ਬ੍ਰੈਂਪਟਨ ਨਿਵਾਸੀਆਂ ਨੂੰ ਸਲਾਹ ਦਿੰਦੀ ਹੈ ਕਿ ਉਹ ਟੇਕਆਉਟ ਜਿਹੇ ਵਿਕਲਪਾਂ ਦਾ ਲਾਭ ਲੈ ਕੇ, ਲੋਕਲ ਫੂਡ ਸਰਵਿਸ ਸੰਸਥਾਨਾਂ ਨੂੰ ਮਦਦ ਕਰਨ।

**ਬੰਦ ਹੋਣ ਵਾਲੀਆਂ ਵਾਧੂ ਥਾਵਾਂ**

ਸ਼ਨੀਵਾਰ, 10 ਅਕਤੂਬਰ, 2020, ਸਵੇਰੇ 12:01 ਵਜੇ ਤੋਂ, ਇਹ ਥਾਵਾਂ ਬੰਦ ਕੀਤੀਆਂ ਜਾਣਗੀਆਂ:

- ਸਿਟੀ, ਰੇਕ੍ਰੀਏਸ਼ਨ ਫੈਸਿਲਿਟੀਜ ਦੇ ਅੰਦਰ ਫਿਟਨੈਸ ਸਹੂਲਤਾਂ ਸਮੇਤ, ਇਨਡੋਰ ਜਿਮ ਅਤੇ ਫਿਟਨੈਸ ਕੇਂਦਰ (ਜਿਵੇਂ ਐਕਸਰਸਾਈਜ ਕਲਾਸਾਂ ਅਤੇ ਵਜ਼ਨ ਅਤੇ ਐਕਰਸਾਈਜ ਵਾਲੇ ਕਮਰੇ)
- ਸਿਟੀ ਦੀਆਂ ਫੈਸਿਲਿਟੀਜ ਦੀਆਂ ਥਾਵਾਂ ਸਮੇਤ, ਪਰਫੌਰਮਿੰਗ ਆਰਟਸ ਕੇਂਦਰ ਅਤੇ ਥਾਵਾਂ
- ਕੈਸੀਨੋਜ, ਬਿੰਗੋ ਹਾਲ ਅਤੇ ਗੇਮਸ ਵਾਲੇ ਹੋਰ ਸੰਸਥਾਨ
- ਇਨਡੋਰ ਸਿਨੇਮਾ
- ਰੇਸਿੰਗ ਵਾਲੀਆਂ ਥਾਵਾਂ ਵਿੱਚ ਦਰਸ਼ਕਾਂ ਦੇ ਖੇਤਰ
- ਮਿਊਜ਼ੀਅਮਾਂ, ਗੈਲਰੀਆਂ, ਚਿੜੀਆ ਘਰਾਂ, ਸਾਇੰਸ ਕੇਂਦਰਾਂ, ਲੈਂਡਮਾਰਕਾਂ ਆਦਿ ਵਿੱਚ ਇੰਟਰਐਕਟਿਵ ਪ੍ਰਦਰਸ਼ਨੀਆਂ ਜਾਂ ਨਿੱਜੀ ਸੰਪਰਕ ਦੇ ਵੱਧ ਜੋਖਮ ਵਾਲੀਆਂ ਪ੍ਰਦਰਸ਼ਨੀਆਂ

**ਘਟਾਈਆਂ ਗਈਆਂ ਸਮਰੱਥਾ ਸੀਮਾਵਾਂ**

ਸ਼ਨੀਵਾਰ, 10 ਅਕਤੂਬਰ, 2020, ਸਵੇਰੇ 12:01 ਵਜੇ ਤੋਂ, ਹੇਠਾਂ ਦਿੱਤੀਆਂ ਸਮਰੱਥਾ ਸੀਮਾਵਾਂ ਲਾਗੂ ਹੋਣਗੀਆਂ:

- ਟੂਰ ਅਤੇ ਗਾਈਡ ਸੇਵਾਵਾਂ, ਇਨਡੋਰ 10 ਵਿਅਕਤੀਆਂ ਤੱਕ ਅਤੇ ਆਉਟਡੋਰ 25 ਵਿਅਕਤੀਆਂ ਤੱਕ ਸੀਮਿਤ ਹੋਣਗੀਆਂ
- ਰੀਅਲ ਇਸਟੇਟ ਦੇ ਓਪਨ ਹਾਊਸ ਵਿੱਚ, ਇਨਡੋਰ 10 ਵਿਅਕਤੀ ਹੀ ਜਾ ਸਕਣਗੇ
- ਵਿਅਕਤੀਗਤ ਤੌਰ ਤੇ ਪੜ੍ਹਾਉਣਾ ਅਤੇ ਵਿਵਹਾਰਕ ਮਾਰਗ ਦਰਸ਼ਨ, ਇਨਡੋਰ 10 ਵਿਅਕਤੀਆਂ ਤੱਕ ਅਤੇ ਆਉਟਡੋਰ 25 ਵਿਅਕਤੀਆਂ ਤੱਕ ਸੀਮਿਤ ਹੈ, ਸਕੂਲਾਂ, ਬਾਲ ਦੇਖਭਾਲ ਕੇਂਦਰਾਂ, ਯੂਨੀਵਰਸਿਟੀਆਂ, ਅਪਲਾਈਡ ਆਰਟਸ ਐਂਡ ਟੈਕਨੋਲੋਜੀ ਕਾਲੇਜਾਂ ਅਤੇ ਪ੍ਰਾਈਵੇਟ ਕੈਰੀਅਰ ਕਾਲੇਜਾਂ ਨੂੰ ਇਸ ਨਿਯਮ ਤੋਂ ਛੋਟ ਹੈ
- ਮੀਟਿੰਗ ਅਤੇ ਕਾਰਜਕਰਮ ਵਾਲੀਆਂ ਥਾਵਾਂ, ਇਨਡੋਰ 10 ਵਿਅਕਤੀਆਂ ਤੱਕ ਅਤੇ ਆਉਟਡੋਰ 25 ਵਿਅਕਤੀਆਂ ਤੱਕ ਸੀਮਿਤ ਹਨ
- ਟੀਮ ਸਪੋਰਟਸ, ਸਿਰਫ਼ ਟ੍ਰੇਨਿੰਗ ਸੈਸ਼ਨਾਂ ਤੱਕ ਹੀ ਸੀਮਿਤ ਹੋਣਗੇ (ਕੋਈ ਖੇਡਾਂ ਜਾਂ ਮੁਕਾਬਲੇ ਨਹੀਂ ਹੋਣਗੇ)
- ਇਸ ਵੀਕੈਂਡ ਹੋਣ ਵਾਲੇ ਵਿਆਹ ਦੇ ਰਿਸੈਪਸ਼ਨ, ਜਨਤਕ ਸਿਹਤ ਸਬੰਧੀ ਮੌਜੂਦਾ ਨਿਯਮਾਂ ਦੇ ਮੁਤਾਬਕ ਕੀਤੇ ਜਾ ਸਕਦੇ ਹਨ। ਮੰਗਲਵਾਰ, 13 ਅਕਤੂਬਰ, 2020, ਸਵੇਰੇ 12:01 ਵਜੇ ਤੋਂ, ਵਿਆਹ ਦੇ ਰਿਸੈਪਸ਼ਨਾਂ ਤੇ, ਜਨਤਕ ਸਿਹਤ ਸਬੰਧੀ ਅੱਪਡੇਟ ਕੀਤੇ ਉਪਾਅ ਲਾਗੂ ਹੋਣਗੇ, ਜਿਹਨਾਂ ਵਿੱਚ ਸ਼ਾਮਲ ਹਨ, ਕਾਰਜਕਰਮ ਵਾਲੀਆਂ ਥਾਵਾਂ ਤੇ ਨਵੇਂ ਇਕੱਠ, ਇਨਡੋਰ 10 ਵਿਅਕਤੀਆਂ ਤੱਕ ਅਤੇ ਆਉਟਡੋਰ 25 ਵਿਅਕਤੀਆਂ ਤੱਕ ਸੀਮਿਤ ਹੋਣਗੇ।

**ਸਮਾਜਿਕ ਇਕੱਠ ਸਬੰਧੀ ਸੀਮਾਵਾਂ ਅਤੇ ਸਰੀਰਕ ਦੂਰੀ**

ਬ੍ਰੈਂਪਟਨ ਅਤੇ ਪੀਲ ਰੀਜਨ (Peel Region) ਵਿੱਚ, ਸਾਰੇ ਸਮਾਜਿਕ ਇਕੱਠ ਅਤੇ ਆਯੋਜਿਤ ਹੋਣ ਵਾਲੇ ਜਨਤਕ ਕਾਰਜਕਰਮ, ਇਨਡੋਰ 10 ਵਿਅਕਤੀਆਂ ਤੱਕ ਅਤੇ ਆਉਟਡੋਰ 25 ਵਿਅਕਤੀਆਂ ਤੱਕ ਸੀਮਿਤ ਹੋਣਗੇ, ਜਿੱਥੇ ਸਰੀਰਕ ਦੂਰੀ ਰੱਖੀ ਜਾ ਸਕਦੀ ਹੋਵੇ।

ਕੋਵਿਡ-19 ਦੇ ਜੋਖਮ ਨੂੰ ਘਟਾਉਣ ਲਈ, ਪੀਲ ਪਬਲਿਕ ਹੈਲਥ, ਦੂਜਿਆਂ ਨਾਲ ਸੰਪਰਕ ਨੂੰ ਘਟਾਉਣ ਅਤੇ ਇਕੱਠਾਂ ਨੂੰ ਛੋਟੇ ਰੱਖਣ ਅਤੇ ਤੁਹਾਡੇ ਸਮਾਜਿਕ ਦਾਇਰੇ ਨੂੰ, ਸਿਰਫ਼ ਸਕੇ ਪਰਿਵਾਰਕ ਮੈਂਬਰਾਂ ਜਾਂ ਜ਼ਰੂਰੀ ਦੇਖਭਾਲਕਰਤਾਵਾਂ ਤੱਕ ਸੀਮਿਤ ਰੱਖਣ ਦੀ ਸਲਾਹ ਦਿੰਦੀ ਹੈ। ਇਸ ਥੈਂਕਸਗਿਵਿੰਗ ਵੀਕੈਂਡ ਦੇ ਮੌਕੇ ਤੇ, ਪੀਲ ਪਬਲਿਕ ਹੈਲਥ ਸਲਾਹ ਦਿੰਦੀ ਹੈ ਕਿ ਤੁਸੀਂ ਆਪਣੇ ਸਕੇ ਪਰਿਵਾਰਕ ਮੈਂਬਰਾਂ ਨਾਲ ਹੀ ਜਸ਼ਨ ਮਨਾਓ।

ਇਕੱਲੇ ਰਹਿਣ ਵਾਲੇ ਲੋਕਾਂ ਨੂੰ ਜਾਂ ਜੋ ਆਪਣੇ ਸਕੇ ਪਰਿਵਾਰਕ ਮੈਂਬਰਾਂ ਤੋਂ ਬਾਹਰ ਦੇ ਲੋਕਾਂ ਦੇ ਸੰਪਰਕ ਵਿੱਚ ਜਾਣ ਦੀ ਚੋਣ ਕਰਦੇ ਹਨ, ਉਹਨਾਂ ਨੂੰ ਪੀਲ ਪਬਲਿਕ ਹੈਲਥ ਸਲਾਹ ਦਿੰਦੀ ਹੈ ਕਿ ਇਕੱਠ ਦੀ ਸੰਖਿਆ ਸੀਮਿਤ ਕਰੋ, ਇਕੱਠੇ ਰਹਿਣ ਦਾ ਸਮਾਂ ਘਟਾਓ, ਸਰੀਰਕ ਦੂਰੀ ਬਣਾ ਕੇ ਰੱਖੋ, ਮਾਸਕ ਪਹਿਨੋ ਅਤੇ ਹੱਥ ਧੋਵੋ। ਜੇਕਰ ਤੁਸੀਂ ਠੀਕ ਨਹੀਂ ਹੋ, ਤਾਂ ਵਿਅਕਤੀਗਤ ਤੌਰ ਤੇ ਮਿਲਣ ਦੀ ਬਜਾਏ, ਆਭਾਸੀ (ਵਰਚੁਅਲ) ਤੌਰ ਤੇ ਇਕੱਠੇ ਹੋਵੋ, ਟੈਸਟ ਕਰਵਾਓ ਅਤੇ ਘਰ ਵਿੱਚ ਦੂਜਿਆਂ ਤੋਂ ਬਿਲਕੁੱਲ ਵੱਖਰੇ ਰਹੋ।

ਬ੍ਰੈਂਪਟਨ ਕੋਵਿਡ-19 ਐਮਰਜੈਂਸੀ ਮੇਜਰਸ ਬਾਇ-ਲਾਅ (Brampton COVID-19 Emergency Measures By-law) ਹੇਠ, ਸਰੀਰਕ ਦੂਰੀ ਦੇ ਵਿਧਾਨ ਦੀ ਪਾਲਣਾ ਨਾ ਕਰਨ ਵਾਲੇ ਲੋਕਾਂ ਤੇ, ਉਲੰਘਣਾ ਦੇ ਹਰੇਕ ਅਪਰਾਧ ਲਈ ਘੱਟੋ-ਘੱਟ $500 ਦਾ ਅਤੇ ਵੱਧ ਤੋਂ ਵੱਧ $100,000 ਤੱਕ ਦਾ ਜੁਰਮਾਨਾ ਲੱਗ ਸਕਦਾ ਹੈ।

ਇਸ ਬਾਇ-ਲਾਅ ਦੇ ਅਧੀਨ ਆਉਣ ਵਾਲੇ ਮਿਉਨਿਸਿਪਲ ਵਿਧਾਨਾਂ ਦੇ ਮੁਤਾਬਕ:

- ਹਰੇਕ ਵਿਅਕਤੀ, ਜਨਤਕ ਪ੍ਰਾਪਰਟੀ ਤੇ ਹੋਣ ਵੇਲੇ, ਹਰੇਕ ਦੂਜੇ ਵਿਅਕਤੀ ਤੋਂ ਘੱਟੋ-ਘੱਟ 2.0 ਮੀਟਰ ਦੀ ਦੂਰੀ ਰੱਖੇਗਾ, ਉਹਨਾਂ ਵਿਅਕਤੀਆਂ ਨੂੰ ਛੱਡ ਕੇ, ਜੋ ਇੱਕੋ ਘਰ ਵਿੱਚ ਇਕੱਠੇ ਰਹਿੰਦੇ ਹਨ
- ਕੋਈ ਵੀ ਕਾਰੋਬਾਰੀ, ਦੁਕਾਨ ਦੇ ਅੰਦਰ ਜਾਂ ਬਾਹਰ, ਕਿਸੇ ਵੀ ਵਿਅਕਤੀ ਨੂੰ, ਹਰੇਕ ਦੂਜੇ ਵਿਅਕਤੀ ਤੋਂ 2.0 ਮੀਟਰ ਤੋਂ ਘੱਟ ਦੂਰ ਬੈਠਣ ਜਾਂ ਖੜ੍ਹੇ ਹੋਣ ਦੇਣ ਦੀ ਇਜਾਜ਼ਤ ਨਹੀਂ ਦੇਵੇਗਾ, ਭਾਵੇਂ ਉਹ ਵਪਾਰਕ ਸੰਸਥਾਨ ਦੇ ਅੰਦਰ ਹੋਣ ਜਾਂ ਬਾਹਰ, ਉਹਨਾਂ ਵਿਅਕਤੀਆਂ ਨੂੰ ਛੱਡ ਕੇ, ਜੋ ਇੱਕੋ ਘਰ ਵਿੱਚ ਇਕੱਠੇ ਰਹਿੰਦੇ ਹਨ ਜਾਂ ਕਾਰੋਬਾਰੀ ਦੇ ਕਰਮਚਾਰੀ।

ਇਸਦੀ ਪਾਲਣਾ ਨਾ ਹੋਣ ਬਾਰੇ ਰਿਪੋਰਟ ਕਰਨ ਲਈ, ਨਿਵਾਸੀ ਅਤੇ ਕਾਰੋਬਾਰੀ 311 ਤੇ ਫੋਨ ਕਰ ਸਕਦੇ ਹਨ।

**ਲਾਜ਼ਮੀ ਚਿਹਰਾ ਢਕਣਾ ਬਾਇ-ਲਾਅ**

ਲਾਜ਼ਮੀ ਚਿਹਰਾ ਢਕਣਾ (ਮੈਨਡੇਟਰੀ ਫੇਸ ਕਵਰਿੰਗਸ) ਬਾਇ-ਲਾਅ (Mandatory Face Coverings By-law) ਹੇਠ, ਬ੍ਰੈਂਪਟਨ ਵਿੱਚ ਸਾਰੀਆਂ ਇਨਡੋਰ ਜਨਤਕ ਥਾਵਾਂ ਵਿਖੇ, ਗੈਰ-ਮੈਡੀਕਲ ਮਾਸਕ (ਕੱਪੜੇ ਦੇ ਬਣੇ ਸਧਾਰਨ ਮਾਸਕ) ਪਹਿਨਣਾ ਜਾਂ ਚਿਹਰੇ ਨੂੰ ਢਕਣਾ ਲਾਜ਼ਮੀ ਹੈ। ਜਨਤਕ ਸੰਸਥਾਨਾਂ ਅਤੇ ਕਾਰੋਬਾਰਾਂ ਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਉਹਨਾਂ ਦੇ ਨਿਯੰਤਰਣ ਵਾਲੀਆਂ ਇਨਡੋਰ ਜਨਤਕ ਥਾਵਾਂ ਵਿਖੇ, ਸਾਰੇ ਲੋਕ ਮਾਸਕ ਪਹਿਨ ਰਹੇ ਹਨ ਜਾਂ ਚਿਹਰਾ ਢਕ ਰਹੇ ਹਨ।

ਬਾਇ-ਲਾਅ ਕੁਝ ਵਿਅਕਤੀਆਂ ਨੂੰ ਛੋਟ ਦਿੰਦਾ ਹੈ। ਇਹਨਾਂ ਵਿੱਚ ਸ਼ਾਮਲ ਹਨ, ਉਹ ਵਿਅਕਤੀ, ਜੋ ਮੈਡੀਕਲ ਕਾਰਨਾਂ ਕਰਕੇ ਮਾਸਕ ਨਹੀਂ ਪਹਿਨ ਸਕਦੇ ਜਾਂ ਚਿਹਰਾ ਨਹੀਂ ਢਕ ਸਕਦੇ; ਦੋ ਸਾਲ ਤੋਂ ਘੱਟ ਉਮਰ ਦੇ ਬੱਚੇ; ਐਮਰਜੈਂਸੀ ਆਰਡਰਸ (Emergency Orders) ਦੇ ਮੁਤਾਬਕ ਐਥਲੈਟਿਕ ਗਤੀਵਿਧੀ ਵਿੱਚ ਸ਼ਾਮਲ ਵਿਅਕਤੀ। ਹੋਰ ਜਾਣਕਾਰੀ ਲਈ: brampton.ca/masks ਤੇ ਜਾਓ।

ਇਸਦੀ ਪਾਲਣਾ ਨਾ ਹੋਣ ਬਾਰੇ ਰਿਪੋਰਟ ਕਰਨ ਲਈ, ਨਿਵਾਸੀ ਅਤੇ ਕਾਰੋਬਾਰੀ 311 ਤੇ ਫੋਨ ਕਰ ਸਕਦੇ ਹਨ।

**ਕੋਵਿਡ-19 ਟੈਸਟ ਅਤੇ ਟੈਸਟਿੰਗ ਥਾਂ ਬਾਰੇ ਜਾਣਕਾਰੀ**

ਲੋਕ, ਪੂਰੇ ਪੀਲ ਵਿੱਚ ਫਾਰਮੇਸੀ ਅਤੇ ਅਸੈਸਮੈਂਟ ਸੈਂਟਰਾਂ ਸਮੇਤ, ਕਈ ਥਾਵਾਂ ਤੇ ਟੈਸਟ ਕਰਵਾ ਸਕਦੇ ਹਨ। ਮੰਗਲਵਾਰ, 6 ਅਕਤੂਬਰ ਤੋਂ, ਸਾਰੇ ਅਸੈਸਮੈਂਟ ਸੈਂਟਰਾਂ ਅਤੇ ਚੋਣਵੀਆਂ ਫਾਰਮੈਸੀਜ ਵਿਖੇ ਟੈਸਟ ਕਰਵਾਉਣ ਲਈ ਮੁਲਾਕਾਤਾਂ ਬੁੱਕ ਕਰਵਾਉਣ ਦੀ ਲੋੜ ਹੈ। ਆਪਣਾ ਟੈਸਟ ਬੁੱਕ ਕਰਨ ਲਈ ਅਸੈਸਮੈਂਟ ਸੈਂਟਰ ਜਾਂ ਫਾਰਮੈਸੀ ਨੂੰ ਸੰਪਰਕ ਕਰੋ।

ਪੀਲ ਅਤੇ ਬ੍ਰੈਂਪਟਨ ਵਿੱਚ ਕੋਵਿਡ-19 ਟੈਸਟਿੰਗ ਥਾਵਾਂ ਦੀ ਸੂਚੀ ਲਈ, ਸੂਬੇ ਦੀ ਵੈਬਸਾਈਟ (website) ਤੇ ਜਾਓ।

***ਬ੍ਰੈਂਪਟਨ ਵਿੱਚ ਵਿਲੀਅਮ ਓਸਲਰ ਹੈਲਥ ਸਿਸਟਮ (ਓਸਲਰ) ਟੈਸਟਿੰਗ***

ਸਾਊਥ ਫਲੈਚਰਸ ਸਪੋਰਟਸਪਲੈਕਸ ਵਿਖੇ ਓਸਲਰਸ ਕੋਵਿਡ-19 ਟੈਸਟਿੰਗ ਸੈਂਟਰ

ਹੁਣ ਓਸਲਰ, ਕਿਸੇ ਵੀ ਉਸ ਵਿਅਕਤੀ ਨੂੰ ਔਨਲਾਈਨ ਅਤੇ ਫੋਨ ਤੇ ਬੁਕਿੰਗ ਕਰਵਾਉਣ ਦੀ ਪੇਸ਼ਕਸ਼ ਕਰ ਰਿਹਾ ਹੈ, ਜੋ ਕੋਵਿਡ-19 ਟੈਸਟ ਪ੍ਰਾਪਤ ਕਰਨ ਲਈ ਯੋਗ ਹਨ। ਬ੍ਰੈਂਪਟਨ ਵਿੱਚ, ਸਾਊਥ ਫਲੈਚਰਸ ਸਪੋਰਟਸਪਲੈਕਸ (South Fletcher's Sportsplex) ਵਿਖੇ ਓਸਲਰਸ ਕੋਵਿਡ-19 ਟੈਸਟਿੰਗ ਸੈਂਟਰ (Osler's COVID-19 Testing Centre), ਰੋਜ਼ਾਨਾ ਸਵੇਰੇ 8 ਵਜੇ ਤੋਂ ਸ਼ਾਮ 6 ਵਜੇ ਤੱਕ ਖੁੱਲਦਾ ਹੈ। ਮੁਲਾਕਾਤਾਂ, ਉਪਲਬਧਤਾ ਦੇ ਆਧਾਰ ਤੇ ਬੁੱਕ ਕੀਤੀਆਂ ਜਾਂਦੀਆਂ ਹਨ।

ਓਸਲਰਸ ਕੋਵਿਡ-19 ਟੈਸਟਿੰਗ ਸੈਂਟਰ ਵਿਖੇ ਟੈਸਟ ਬੁੱਕ ਕਰਨ ਲਈ, ਹੇਠਾਂ ਦਿੱਤੇ ਵਿਕਲਪਾਂ ਵਿੱਚੋਂ ਇੱਕ ਚੁਣੋ।

- ਔਨਲਾਈਨ: www.williamoslerhs.ca/coronavirus ਤੇ ਜਾਓ
- ਫੋਨ: 905.487.1249 ਤੇ ਫੋਨ ਕਰੋ
  ਸਵੇਰੇ 8:00 ਵਜੇ ਅਤੇ ਸ਼ਾਮ 6:00 ਵਜੇ, ਹਫ਼ਤੇ ਵਿੱਚ 7 ਦਿਨ।

ਕਿਰਪਾ ਕਰਕੇ ਧਿਆਨ ਦਿਓ: ਓਸਲਰ ਨੇ ਵਿਅਕਤੀਗਤ ਮੁਲਾਕਾਤ ਬੁਕਿੰਗ ਬੰਦ ਕਰ ਦਿੱਤੀ ਹੈ।

ਪੀਲ ਮੈਮੋਰੀਅਲ ਸੈਂਟਰ ਫਾਰ ਇੰਟੀਗ੍ਰੇਟਿਡ ਹੈਲਥ ਐਂਡ ਵੈਲਨੈਸ ਵਿਖੇ, ਓਸਲਰਸ ਕੋਵਿਡ-19, ਕੋਲਡ ਐਂਡ ਫਲੂ ਕਲੀਨਿਕ

ਓਸਲਰਸ ਕੋਵਿਡ-19, ਕੋਲਡ ਐਂਡ ਫਲੂ ਕਲੀਨਿਕ (Osler's COVID-19, Cold and Flu Clinic), ਬਿਨਾਂ ਤੈਅ ਮੁਲਾਕਾਤ ਦੇ ਆਧਾਰ ਤੇ, ਕੋਵਿਡ-19 ਟੈਸਟਿੰਗ ਮਾਪਦੰਡ ਨੂੰ ਪੂਰਾ ਕਰਨ ਵਾਲੇ ਰੋਗੀਆਂ ਦੇ ਨਾਲ-ਨਾਲ ਉਹਨਾਂ ਨੂੰ ਦੇਖਣਾ ਵੀ ਜਾਰੀ ਰੱਖੇਗਾ, ਜਿਹਨਾਂ ਨੂੰ ਲੱਛਣ ਹੋਣ ਅਤੇ ਡਾਕਟਰ ਨੂੰ ਮਿਲਣਾ ਚਾਹੁੰਦੇ ਹੋਣ।

ਸਾਊਥ ਫਲੈਚਰਸ ਸਪੋਰਟਸਪਲੈਕਸ ਵਿਖੇ, ਬ੍ਰੈਂਪਟਨ ਦੇ ਟੈਸਟਿੰਗ ਸੈਂਟਰ ਅਤੇ ਪੀਲ ਮੈਮੋਰੀਅਲ ਸੈਂਟਰ (Peel Memorial Centre) ਵਿੱਚ ਕੋਵਿਡ-19, ਕੋਲਡ ਐਂਡ ਫਲੂ ਕਲੀਨਿਕ ਬਾਰੇ ਹੋਰ ਜਾਣਕਾਰੀ ਲਈ, www.williamoslerhs.ca/coronavirus ਤੇ ਜਾਓ।

-30-

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca